CDTFA

CALIFORNIA DEPARTMENT OF TAX AND FEE ADMINISTRATION



# ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀਆਂ ਜਾਂਚਾਂ

## ਤੁਸੀਂ ਮੇਰੇ ਕਾਰੋਬਾਰ ਦੀ ਜਾਂਚ ਕਿਉਂ ਕਰ ਰਹੇ ਹੋ?

ਸਾਡੇ ਨੁਮਾਇੰਦੇ ਤੁਹਾਡੇ ਕਾਰੋਬਾਰ ਦੀ ਨਿਯਮਤ ਜਾਂਚ ਕਰ ਰਹੇ ਹਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ:

- ਆਪਣੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਕਾਰੋਬਾਰ ਦੀ ਕਿਸਮ ਲਈ ਲੋੜੀਂਦੇ ਪਰਮਿਟ, ਖਾਤੇ, ਅਤੇ ਲਾਇਸੈਂਸ ਰੱਖਦੇ ਹੋ,
- ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਕਾਰੋਬਾਰ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹੋ, ਅਤੇ
- ਕੈਲੀਫੋਰਨੀਆ ਵਿੱਚ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਵਿਕਰੀ ਨੂੰ ਨਿਯੰਤਰਿਤ ਕਰਨ ਵਾਲੇ ਰਾਜ ਦੇ ਕਾਨੂੰਨਾਂ ਦੀ ਪਾਲਣਾ ਕਰ ਰਹੇ ਹੋ।

ਇਹਨਾਂ ਜਾਂਚਾਂ ਨੂੰ California Cigarette and Tobacco Products Licensing Act of 2003 (ਕੈਲੀਫੋਰਨੀਆ ਸਿਗਰਟ ਅਤੇ ਤੰਬਾਕੂ ਉਤਪਾਦ ਲਾਇਸੈਂਸਿੰਗ ਐਕਟ, 2003) (ਕੈਲੀਫੋਰਨੀਆ ਬਿਜ਼ਨਸ ਐਂਡ ਪ੍ਰੋਫੈਸ਼ਨਜ਼ ਕੋਡ ਦਾ ਡਿਵੀਜ਼ਨ 8.6), Cigarette and Tobacco Products Tax Law (ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸ ਕਾਨੂੰਨ) (ਰੈਵੇਨਿਊ ਐਂਡ ਟੈਕਸੇਸ਼ਨ ਕੋਡ ਦਾ ਭਾਗ 13, ਡਿਵੀਜ਼ਨ 2), California Cigarette Fire Safety and Firefighter Protection Act (ਕੈਲੀਫੋਰਨੀਆ ਸਿਗਰਟ ਫਾਇਰ ਸੇਫਟੀ ਅਤੇ ਫਾਇਰਫਾਈਟਰ ਪ੍ਰੋਟੈਕਸ਼ਨ ਐਕਟ) (ਕੈਲੀਫੋਰਨੀਆ ਸਿਹਤ ਅਤੇ ਸੁਰੱਖਿਆ ਕੋਡ ਦਾ ਭਾਗ 8, ਡਿਵੀਜ਼ਨ 12), ਅਤੇ Stop Tobacco Access to Kids Enforcement (STAKE) Act ((ਬੱਚਿਆਂ ਦੀ ਤੰਬਾਕੂ ਤੱਕ ਪਹੁੰਚ ਰੋਕਣ ਸੰਬੰਧੀ ਕਾਨੂੰਨ) (STAKE) ਐਕਟ (ਕੈਲੀਫੋਰਨੀਆ ਬਿਜ਼ਨਸ ਐਂਡ ਪ੍ਰੋਫੈਸ਼ਨਜ਼ ਕੋਡ ਦਾ ਡਿਵੀਜ਼ਨ 8.5) ਦੁਆਰਾ ਅਧਿਕਾਰਤ ਕੀਤਾ ਗਿਆ ਹੈ।

## ਤੁਸੀਂ ਕਿਸ ਚੀਜ਼ ਦੀ ਜਾਂਚ ਕਰ ਰਹੇ ਹੋ?

ਸਾਡੇ ਨੁਮਾਇੰਦੇ ਇਸ ਗੱਲ ਦੀ ਪੁਸ਼ਟੀ ਕਰਨਗੇ ਕਿ:

- ਤੁਹਾਡੇ ਕੋਲ ਸਿਗਰਟ ਅਤੇ ਤੰਬਾਕੂ ਉਤਪਾਦ ਵੇਚਣ ਲਈ ਸਾਡੇ ਦੁਆਰਾ ਜਾਰੀ ਕੀਤਾ ਗਿਆ ਇੱਕ ਵੈਧ ਸਿਗਰਟ ਅਤੇ ਤੰਬਾਕੂ ਉਤਪਾਦ ਲਾਇਸੈਂਸ ਹੈ, ਅਤੇ ਕੋਈ ਹੋਰ ਲੋੜੀਂਦੇ ਕਾਰੋਬਾਰੀ ਪਰਮਿਟ, ਖਾਤੇ, ਜਾਂ ਲਾਇਸੈਂਸ ਵੀ ਹਨ।
  - ਰਾਜ ਦੇ ਕਾਨੂੰਨ ਅਨੁਸਾਰ, ਪ੍ਰਚੂਨ ਲਾਇਸੈਂਸ ਦੇ ਉਦੇਸ਼ਾਂ ਲਈ, ਤੰਬਾਕੂ ਉਤਪਾਦ ਵਿੱਚ ਕੋਈ ਵੀ ਇਲੈਕਟ੍ਰਾਨਿਕ ਸਿਗਰਟਨੋਸ਼ੀ ਜਾਂ ਵੇਪਿੰਗ ਉਪਕਰਣ, ਜਾਂ ਤੰਬਾਕੂ ਉਤਪਾਦ ਦਾ ਕੋਈ ਵੀ ਪੁਰਜ਼ਾ, ਹਿੱਸਾ, ਜਾਂ ਸਹਾਇਕ ਵਸਤੂ ਸ਼ਾਮਲ ਹੈ, ਭਾਵੇਂ ਉਹ ਇਕੱਠੇ ਵੇਚੇ ਜਾਣ ਜਾਂ ਵੱਖਰੇ ਤੌਰ 'ਤੇ। ਜੇਕਰ ਤੁਸੀਂ ਇਹਨਾਂ ਵਿੱਚੋਂ ਕੋਈ ਵੀ ਉਤਪਾਦ ਪ੍ਰਚੂਨ ਵਿੱਚ ਵੇਚਦੇ ਹੋ, ਤਾਂ ਤੁਹਾਨੂੰ ਸਾਡੇ ਦੁਆਰਾ ਜਾਰੀ ਕੀਤਾ ਗਿਆ ਸਿਗਰਟ ਅਤੇ ਤੰਬਾਕੂ ਪ੍ਰਚੂਨ ਵਿਕਰੇਤਾ ਲਾਇਸੈਂਸ ਪ੍ਰਾਪਤ ਕਰਨਾ ਲਾਜ਼ਮੀ ਹੈ।
  - ਇਲੈਕਟ੍ਰਾਨਿਕ ਸਿਗਰਟਾਂ ਦੇ ਪ੍ਰਚੂਨ ਵਿਕਰੇਤਾਵਾਂ ਨੂੰ California Electronic Cigarette Excise Tax (ਕੈਲੀਫੋਰਨੀਆ ਇਲੈਕਟ੍ਰਾਨਿਕ ਸਿਗਰਟ ਐਕਸਾਈਜ਼ ਟੈਕਸ CECET) ਪਰਮਿਟ (ਖਾਤਾ) ਰੱਖਣਾ ਲਾਜ਼ਮੀ ਹੈ ਅਤੇ ਨਿਕੋਟੀਨ ਵਾਲੀਆਂ ਜਾਂ ਨਿਕੋਟੀਨ ਨਾਲ ਵੇਚੀਆਂ ਜਾਣ ਵਾਲੀਆਂ ਇਲੈਕਟ੍ਰਾਨਿਕ ਸਿਗਰਟਾਂ ਦੀ ਪ੍ਰਚੂਨ ਵਿਕਰੀ ਕੀਮਤ ਦੇ 12.5 ਪ੍ਰਤੀਸ਼ਤ ਦੀ ਦਰ ਨਾਲ ਖਰੀਦਦਾਰ ਤੋਂ CECET ਇਕੱਠਾ ਕਰਨਾ ਹੋਵੇਗਾ। ਵਧੇਰੇ ਜਾਣਕਾਰੀ ਲਈ, *Tax Guide for California Electronic Cigarette Excise Tax* (ਕੈਲੀਫੋਰਨੀਆ ਇਲੈਕਟ੍ਰਾਨਿਕ ਸਿਗਰਟ ਐਕਸਾਈਜ਼ ਟੈਕਸ CECET) ਲਈ ਸਾਡੀ ਟੈਕਸ ਗਾਈਡ) *www.cdtfa.ca.gov/taxes-and-fees/california-electronic-cigarette-excise-tax/* 'ਤੇ ਵੇਖੋ।
- ਤੁਹਾਡਾ ਸਿਗਰਟ ਅਤੇ ਤੰਬਾਕੂ ਉਤਪਾਦ ਲਾਇਸੈਂਸ ਹਰੇਕ ਥਾਂ 'ਤੇ ਪ੍ਰਦਰਸ਼ਿਤ ਹੋਣਾ ਚਾਹੀਦਾ ਹੈ ਅਤੇ ਜਨਤਾ ਨੂੰ ਸਪੱਸ਼ਟ ਤੌਰ 'ਤੇ ਦਿਖਾਈ ਦੇਣਾ ਚਾਹੀਦਾ ਹੈ।
- ਤੁਸੀਂ ਆਪਣੀਆਂ ਸਿਗਰਟਾਂ ਕੈਲੀਫੋਰਨੀਆ ਟੈਕਸ ਸਟੈਂਪ ਲੱਗੀਆਂ ਹੋਈਆਂ ਅਤੇ ਟੈਕਸ-ਭੁਗਤਾਨ ਕੀਤੇ ਤੰਬਾਕੂ ਉਤਪਾਦ ਸਾਡੇ ਨਾਲ ਵੈਧ ਸਿਗਰਟ ਅਤੇ ਤੰਬਾਕੂ ਉਤਪਾਦ ਲਾਇਸੈਂਸ ਵਾਲੇ ਇੱਕ ਵਿਤਰਕ ਜਾਂ ਥੋਕ ਵਿਕਰੇਤਾ ਤੋਂ ਖਰੀਦੇ ਹਨ। **ਪ੍ਰਚੂਨ ਵਿਕਰੇਤਾਵਾਂ ਵਿਚਕਾਰ ਵਿਕਰੀ ਵਰਜਿਤ ਹੈ।** ਤੁਸੀਂ ਸਾਡੀ ਵੈੱਬਸਾਈਟ *www.cdtfa.ca.gov/taxes-and-fees/cigarette-licensees.htm*'ਤੇ ਲਾਇਸੈਂਸ ਦੀ ਪੁਸ਼ਟੀ ਕਰ ਸਕਦੇ ਹੋ।
- ਤੁਹਾਡੇ ਕੋਲ ਆਪਣੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਵਸਤੂ-ਸੂਚੀ ਦੇ ਸਮਰਥਨ ਲਈ ਪੂਰੇ ਅਤੇ ਸਪੱਸ਼ਟ ਖਰੀਦ ਇਨਵੌਇਸ ਹਨ।

    - ਤੁਹਾਨੂੰ ਹਰੇਕ ਲਾਇਸੈਂਸਸ਼ੁਦਾ ਥਾਂ 'ਤੇ ਖਰੀਦਦਾਰੀ ਦੀ ਮਿਤੀ ਤੋਂ ਘੱਟੋ-ਘੱਟ ਇੱਕ ਸਾਲ ਤੱਕ ਖਰੀਦ ਇਨਵੌਇਸ ਰੱਖਣੇ ਚਾਹੀਦੇ ਹਨ। ਕਿਰਪਾ ਕਰਕੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਇਨਵੌਇਸਾਂ ਸੰਬੰਧੀ ਸਾਰੀਆਂ ਲੋੜਾਂ ਬਾਰੇ ਨਵੀਨਤਮ ਜਾਣਕਾਰੀ ਵਾਸਤੇ ਸਾਡੀ ਵੈੱਬਸਾਈਟ ਜ਼ਰੂਰ ਵੇਖੋ।
- ਤੁਹਾਡੀ ਵਸਤੂ-ਸੂਚੀ ਵਿਚਲੀਆਂ ਸਿਗਰਟਾਂ:
    - ਉੱਤੇ ਕੈਲੀਫੋਰਨੀਆ ਦੀਆਂ ਵੈਧ ਟੈਕਸ ਟਿਕਟਾਂ ਚਿਪਕੀਆਂ ਹੋਈਆਂ ਹਨ,
    - ਕੈਲੀਫੋਰਨੀਆ ਵਿੱਚ ਵੇਚਣ ਲਈ ਕਾਨੂੰਨੀ ਤੌਰ 'ਤੇ ਅਟਾਰਨੀ ਜਨਰਲ ਦੇ ਦਫ਼ਤਰ ਦੀ ਕੈਲੀਫੋਰਨੀਆ ਤੰਬਾਕੂ ਡਾਇਰੈਕਟਰੀ (ਤੰਬਾਕੂ ਡਾਇਰੈਕਟਰੀ) *www.oag.ca.gov/tobacco/directory* 'ਤੇ ਸੂਚੀਬੱਧ ਹੋਣ। ਰੋਲ-ਯੂਅਰ-ਔਨ-ਤੰਬਾਕੂ (RYO) ਵੀ ਲਾਜ਼ਮੀ ਤੌਰ 'ਤੇ ਤੰਬਾਕੂ ਡਾਇਰੈਕਟਰੀ ਉੱਤੇ ਸੂਚੀਬੱਧ ਹੋਣਾ ਚਾਹੀਦਾ ਹੈ, ਅਤੇ
    - ਕੈਲੀਫੋਰਨੀਆ ਦੀਆਂ "ਘੱਟ ਇਗਨੀਸ਼ਨ ਪ੍ਰਵਿਰਤੀ" ਵਾਲੀਆਂ ਅੱਗ ਸੁਰੱਖਿਆ ਲੋੜਾਂ ਦੀ ਪਾਲਣਾ ਕਰਦੀਆ ਹੋਣ।
- ਤੁਹਾਡੀ ਵਸਤੂ-ਸੂਚੀ ਵਿੱਚ ਤੰਬਾਕੂ ਉਤਪਾਦਾਂ ਦਾ ਟੈਕਸ ਭੁਗਤਾਨ ਕੀਤਾ ਹੋਇਆ ਹੈ।
- ਤੁਸੀਂ ਫਲੇਵਰ ਵਾਲੀਆਂ ਸਿਗਰਟਾਂ, ਫਲੇਵਰ ਵਾਲੇ ਤੰਬਾਕੂ ਉਤਪਾਦ, ਜਾਂ ਤੰਬਾਕੂ ਉਤਪਾਦਾਂ ਦੇ ਫਲੇਵਰ ਵਧਾਉਣ ਵਾਲੇ ਪਦਾਰਥ ਨਹੀਂ ਵੇਚਦੇ ਜਾਂ ਤੁਹਾਡੇ ਕੋਲ ਨਹੀਂ ਹਨ।
- ਤੁਹਾਡੀ ਵਸਤੂ-ਸੂਚੀ (inventory) ਵਿੱਚ ਸਿਗਰਟਾਂ ਅਤੇ ਤੰਬਾਕੂ ਉਤਪਾਦ, *utl.doj.ca.gov* 'ਤੇ ਬਿਨਾਂ ਫਲੇਵਰ ਵਾਲੇ ਤੰਬਾਕੂ ਦੀ ਸੂਚੀ (UTL) 'ਤੇ ਸੂਚੀਬੱਧ ਹਨ।
- ਤੁਸੀਂ ਕੈਨਾਬਿਸ ਜਾਂ ਕੈਨਾਬਿਸ ਉਤਪਾਦ, ਜਾਂ ਮੰਨੇ ਗਏ ਕੈਨਾਬਿਸ ਉਤਪਾਦ ਨਹੀਂ ਵੇਚਦੇ ਜਾਂ ਤੁਹਾਡੇ ਕੋਲ ਨਹੀਂ ਹਨ, ਜਿਵੇਂ ਉਹ ਆਈਟਮਾਂ, ਜਿਨ੍ਹਾਂ ਵਿੱਚ ਸਿੰਥੈਟਿਕ ਕੈਨਾਬਿਨੋਇਡ ਹੈ ਜਾਂ ਜਾਪਦਾ ਹੈ ਕਿ ਇਹ ਹੈ, ਜਿਵੇਂ ਗੰਮੀਜ, ਜਾਂ ਦੂਜੇ ਕੈਨਾਬਿਸ ਉਤਪਾਦ ਜਿਵੇਂ ਕ੍ਰੀਮਾਂ, ਡਸਟ, ਕ੍ਰਿਸਟਲਸ ਆਦਿ।
- STAKE ਐਕਟ ਦਾ ਸਾਈਨ ਬੋਰਡ ਹਰੇਕ ਕੈਸ਼ ਰਜਿਸਟਰ ਅਤੇ ਵਿਕਰੀ ਦੇ ਹੋਰ ਸਥਾਨਾਂ 'ਤੇ ਸਪੱਸ਼ਟ ਤੌਰ 'ਤੇ ਲੱਗਾ ਹੋਇਆ ਹੈ ਜਿੱਥੇ ਸਿਗਰਟ ਅਤੇ ਤੰਬਾਕੂ ਉਤਪਾਦ ਵੇਚੇ ਜਾਂਦੇ ਹਨ।




## ਜਾਂਚ ਦੌਰਾਨ ਕੀ ਹੋਵੇਗਾ?

ਸਾਡੇ ਨੁਮਾਇੰਦੇ ਤੁਹਾਡੇ ਕਾਰੋਬਾਰ ਵਿਖੇ ਆਉਣਗੇ, ਤੁਹਾਨੂੰ ਜਾਂ ਤੁਹਾਡੇ ਕਰਮਚਾਰੀਆਂ ਨੂੰ ਆਪਣੀ ਪਛਾਣ ਦੱਸਣਗੇ, ਆਪਣਾ California Department of Tax and Fee Administration (ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਟੈਕਸ ਐਂਡ ਫੀ ਐਡਮਿਨਿਸਟ੍ਰੇਸ਼ਨ CDTFA) ਪਛਾਣ ਪੱਤਰ ਦਿਖਾਉਣਗੇ, ਅਤੇ ਮੁਲਾਕਾਤ ਦਾ ਕਾਰਨ ਸਮਝਾਉਣਗੇ। ਅਸੀਂ ਤੁਹਾਨੂੰ ਹੇਠ ਲਿਖੇ ਕੰਮਾਂ ਲਈ ਪੁੱਛਾਂਗੇ:

- ਆਪਣਾ ਨਿੱਜੀ ਪਛਾਣ ਪੱਤਰ ਦਿਖਾਓ।
- ਲੋੜੀਂਦੇ ਪਰਮਿਟ ਅਤੇ ਲਾਇਸੈਂਸ ਪ੍ਰਦਾਨ ਕਰੋ।
- ਜਾਂਚ ਕਰਨ ਲਈ ਅਤੇ ਉਹਨਾਂ ਸਾਰੇ ਖੇਤਰਾਂ ਤੱਕ ਪਹੁੰਚ ਕਰਨ ਦੀ ਇਜਾਜ਼ਤ ਦਿਓ ਜਿੱਥੇ ਸਿਗਰਟਾਂ, ਤੰਬਾਕੂ ਉਤਪਾਦ, ਅਤੇ ਤੰਬਾਕੂ ਉਤਪਾਦਾਂ ਦੇ ਫਲੇਵਰ ਵਧਾਉਣ ਵਾਲੇ ਪਦਾਰਥ ਸਟੋਰ ਕੀਤੇ ਜਾ ਸਕਦੇ ਹਨ (ਜਿਸ ਵਿੱਚ ਬੰਦ ਖੇਤਰ ਜਾਂ ਅਲਮਾਰੀਆਂ ਸ਼ਾਮਲ ਹਨ)।
- ਪਿਛਲੇ 12 ਮਹੀਨਿਆਂ ਦੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀਆਂ ਸਾਰੀਆਂ ਖਰੀਦ ਅਤੇ ਵਿਕਰੀ ਇਨਵੌਇਸ ਪ੍ਰਦਾਨ ਕਰੋ, ਜਿਨ੍ਹਾਂ ਨੂੰ ਤੁਹਾਡੇ ਕਾਰੋਬਾਰੀ ਸਥਾਨ 'ਤੇ ਰੱਖਣਾ ਲਾਜ਼ਮੀ ਹੈ।
- ਦੱਸੋ ਕਿ ਤੁਹਾਡੀਆਂ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀਆਂ ਖਰੀਦ ਅਤੇ ਵਿਕਰੀ ਇਨਵੌਇਸ ਕਿੱਥੇ ਰੱਖੀਆਂ ਹਨ। ਇਹਨਾਂ ਰਿਕਾਰਡਾਂ ਨੂੰ ਚਾਰ ਸਾਲਾਂ ਵਾਸਤੇ ਰੱਖੇ ਜਾਣ ਦੀ ਲੋੜ ਹੁੰਦੀ ਹੈ।



ਸਾਡੇ ਨੁਮਾਇੰਦੇ ਤੁਹਾਡੇ ਕਾਰੋਬਾਰੀ ਸਥਾਨ 'ਤੇ ਅਤੇ ਕਿਸੇ ਵੀ ਹੋਰ ਥਾਂ, ਜਿਵੇਂ ਕਿ ਦੂਜੀਆਂ ਇਮਾਰਤਾਂ ਜਾਂ ਸਟੋਰੇਜ ਕੰਟੇਨਰਾਂ ਵਿੱਚ, ਜਿੱਥੇ ਤੁਹਾਡੇ ਕੋਲ ਅਜਿਹੇ ਉਤਪਾਦ ਹੋ ਸਕਦੇ ਹਨ, ਉੱਥੇ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੀ ਜਾਂਚ ਕਰਨਗੇ। ਸਾਡੇ ਨੁਮਾਇੰਦੇ ਤੁਹਾਡੇ ਕਾਰੋਬਾਰੀ ਸਥਾਨਾਂ 'ਤੇ ਸਿਗਰਟਾਂ 'ਤੇ ਲੱਗੀਆਂ ਟੈਕਸ ਸਟੈਂਪਾਂ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਸਕੈਨ ਕਰਨਗੇ, ਤੁਹਾਡੀਆਂ ਖਰੀਦ ਅਤੇ ਵਿਕਰੀ ਇਨਵੌਇਸਾਂ ਨੂੰ ਤੁਹਾਡੀ ਵਸਤੂ-ਸੂਚੀ ਨਾਲ ਮਿਲਾਉਣ ਲਈ ਸਮੀਖਿਆ ਕਰਨਗੇ, ਅਤੇ ਲੋੜ ਅਨੁਸਾਰ ਕਾਰੋਬਾਰ ਅਤੇ ਉਤਪਾਦਾਂ ਦੀ ਵਸਤੂ-ਸੂਚੀ ਦੀਆਂ ਤਸਵੀਰਾਂ ਲੈਣਗੇ।

ਅਸੀਂ ਤੁਹਾਨੂੰ publication 78, *Sales of Cigarettes and Tobacco Products in California* (ਪ੍ਰਕਾਸ਼ਨ 78-PI, ਕੈਲੀਫੋਰਨੀਆ ਵਿੱਚ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੀ ਵਿਕਰੀ) ਦੀ ਇੱਕ ਕਾਪੀ ਵੀ ਦੇਵਾਂਗੇ।

ਅਸੀਂ ਫਲੇਵਰ ਵਾਲੀਆਂ ਸਿਗਰਟਾਂ, ਫਲੇਵਰ ਵਾਲੇ ਤੰਬਾਕੂ ਉਤਪਾਦਾਂ, ਤੰਬਾਕੂ ਉਤਪਾਦਾਂ ਦਾ ਫਲੇਵਰ ਵਧਾਉਣ ਵਾਲੇ ਪਦਾਰਥਾਂ, ਕੈਨਾਬਿਸ, ਕੈਨਾਬਿਸ ਉਤਪਾਦਾਂ, ਅਤੇ ਮੰਨੇ ਗਏ ਕੈਨਾਬਿਸ ਉਤਪਾਦਾਂ ਦੀ ਵੀ ਜਾਂਚ ਕਰ ਸਕਦੇ ਹਾਂ, ਜਿਹਨਾਂ ਨੂੰ ਇਸ ਰਾਜ ਵਿੱਚ ਕਨੂੰਨੀ ਤੌਰ 'ਤੇ ਰੱਖਿਆ ਜਾਂ ਵੇਚਿਆ ਨਹੀਂ ਜਾ ਸਕਦਾ। ਸਾਡੇ ਨੁਮਾਇੰਦੇ ਇਹ ਯਕੀਨੀ ਬਣਾਉਣ ਲਈ UTL ਦੀ ਵਰਤੋਂ ਕਰਨਗੇ ਕਿ ਸਿਰਫ ਬਿਨਾਂ ਫਲੇਵਰ ਵਾਲੀਆਂ ਸਿਗਰਟਾਂ ਅਤੇ ਤੰਬਾਕੂ ਉਤਪਾਦ ਹੀ ਤੁਹਾਡੇ ਕਾਰੋਬਾਰੀ ਸਥਾਨ 'ਤੇ ਉਪਲਬਧ ਹਨ।

## ਜੇਕਰ ਨੁਮਾਇੰਦਿਆਂ ਨੂੰ ਅਜਿਹੇ ਉਤਪਾਦ ਮਿਲਦੇ ਹਨ ਜੋ ਮੈਂ ਕਾਨੂੰਨੀ ਤੌਰ 'ਤੇ ਨਹੀਂ ਵੇਚ ਸਕਦਾ, ਤਾਂ ਕੀ ਹੋਵੇਗਾ?

ਸਾਡੇ ਨੁਮਾਇੰਦੇ ਅਜਿਹੀਆਂ ਕੋਈ ਵੀ ਬਿਨਾਂ ਟੈਕਸ ਵਾਲੀਆਂ, ਨਕਲੀ, ਫਲੇਵਰ ਵਾਲੀਆਂ, ਜਾਂ ਕਿਸੇ ਹੋਰ ਤਰੀਕੇ ਨਾਲ ਗੈਰ-ਕਾਨੂੰਨੀ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਅਤੇ ਤੰਬਾਕੂ ਉਤਪਾਦਾਂ ਦੇ ਫਲੇਵਰ ਵਧਾਉਣ ਵਾਲੇ ਪਦਾਰਥਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਸਕਦੇ ਹਨ ਜੋ ਮਿਲਦੇ ਹਨ। ਅਸੀਂ ਸਿਗਰਟ ਅਤੇ ਤੰਬਾਕੂ ਉਤਪਾਦ ਕਾਰੋਬਾਰਾਂ ਵਿਖੇ ਪਾਏ ਜਾਣ ਵਾਲੇ ਕੈਨਾਬਿਸ, ਕੈਨਾਬਿਸ ਉਤਪਾਦਾਂ, ਅਤੇ ਮੰਨੇ ਗਏ ਕੈਨਾਬਿਸ ਉਤਪਾਦਾਂ ਨੂੰ ਕਬਜ਼ੇ ਵਿੱਚ ਵੀ ਲੈ ਸਕਦੇ ਹਾਂ। ਸਾਡਾ ਵਿਸ਼ੇਸ਼ ਨੋਟਿਸ, L-1005, *Cigarette and Tobacco Businesses: Cannabis and Synthetic Cannabinoid Products Subject to Seizure and Penalties (ਸਿਗਰਟ ਅਤੇ ਤੰਬਾਕੂ ਕਾਰੋਬਾਰ: ਕਬਜ਼ੇ ਵਿੱਚ ਲੈਣ ਅਤੇ ਜੁਰਮਾਨਿਆਂ ਦੇ ਅਧੀਨ ਕੈਨਾਬਿਸ ਅਤੇ ਸਿੰਥੈਟਿਕ ਕੈਨਾਬਿਨੋਇਡ), ਅਤੇ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਲਈ ਸਾਡੀ ਟੈਕਸ ਗਾਈਡ* ਦੇਖੋ।

ਕਬਜ਼ੇ ਵਿੱਚ ਲੈਣ ਦੌਰਾਨ, ਅਸੀਂ ਹੇਠ ਲਿਖੇ ਕਾਰਵਾਈਆਂ ਕਰਾਂਗੇ:

- ਕਬਜ਼ੇ ਵਿੱਚ ਲੈਣ ਦੇ ਕਾਰਨਾਂ ਬਾਰੇ ਦੱਸਾਂਗੇ,
- ਕਬਜ਼ੇ ਵਿੱਚ ਲਏ ਗਏ ਉਤਪਾਦਾਂ ਲਈ ਤੁਹਾਨੂੰ ਮਾਲ (ਪ੍ਰਾਪਰਟੀ) ਦੀ ਇੱਕ ਰਸੀਦ ਦੇਵਾਂਗੇ, ਅਤੇ
- ਤੁਹਾਨੂੰ ਸਾਡੀ ਸੰਪਰਕ ਜਾਣਕਾਰੀ ਪ੍ਰਦਾਨ ਕਰਨਗੇ।

ਅਸੀਂ ਤੁਹਾਨੂੰ ਚਲਾਨ ਵੀ ਜਾਰੀ ਕਰ ਸਕਦੇ ਹਾਂ।

ਕੋਈ ਵੀ ਸਿਗਰਟਾਂ ਜਾਂ ਰੋਲ-ਯੂਅਰ-ਓਨ (RYO) ਤੰਬਾਕੂ ਜੋ ਤੰਬਾਕੂ ਡਾਇਰੈਕਟਰੀ ਵਿੱਚ ਸੂਚੀਬੱਧ ਨਹੀਂ ਹਨ, ਉਹਨਾਂ ਨੂੰ ਕਬਜ਼ੇ ਵਿੱਚ ਲਿਆ ਜਾ ਸਕਦਾ ਹੈ। ਇਸਤੋਂ ਇਲਾਵਾ, UTL 'ਤੇ ਸੂਚੀਬੱਧ ਨਾ ਹੋਣ ਵਾਲੇ ਕੋਈ ਵੀ ਉਤਬਾਜ, ਕਬਜ਼ੇ ਵਿੱਚ ਲਏ ਜਾ ਸਕਦੇ ਹਨ, ਜਿਸਦੇ ਨਤੀਜੇ ਵਜੋਂ ਕਬਜ਼ੇ ਵਿੱਚ ਲਏ ਗਏ ਹਰ ਇੱਕ ਪੈਕੇਜ ਉੱਤੇ 50 ਡਾਲਰ ਦਾ ਜੁਰਮਾਨਾ

ਲੱਗੇਗਾ। ਪ੍ਰਚੂਨ ਵਿਕਰੇਤਾਵਾਂ ਅਤੇ ਥੋਕ ਵਿਕਰੇਤਾਵਾਂ ਨੂੰ CDTFA ਤੋਂ ਲਾਇਸੈਂਸ ਪ੍ਰਾਪਤ ਵਿਤਰਕਾਂ ਜਾਂ ਥੋਕ ਵਿਕਰੇਤਾਵਾਂ ਤੋਂ ਸਿਗਰਟਾਂ, ਰੋਲ-ਯੂਅਰ-ਓਨ (RYO) ਤੰਬਾਕੂ, ਅਤੇ ਤੰਬਾਕੂ ਉਤਪਾਦ ਖਰੀਦਣ ਤੋਂ ਪਹਿਲਾਂ ਹਮੇਸ਼ਾ *www.oag.ca.gov/tobacco/directory* 'ਤੇ ਤੰਬਾਕੂ ਡਾਇਰੈਕਟਰੀ ਅਤੇ *utl.doj.ca.gov* 'ਤੇ UTL, ਦੋਵਾਂ ਦੀ ਜਾਂਚ ਕਰਨੀ ਚਾਹੀਦੀ ਹੈ।

ਜਦੋਂ ਸਿਗਰਟਾਂ ਜਾਂ ਰੋਲ-ਯੂਅਰ-ਓਨ (RYO) ਤੰਬਾਕੂ ਨੂੰ ਤੰਬਾਕੂ ਡਾਇਰੈਕਟਰੀ ਵਿੱਚੋਂ ਹਟਾ ਦਿੱਤਾ ਜਾਂਦਾ ਹੈ, ਤਾਂ ਪ੍ਰਚੂਨ ਵਿਕਰੇਤਾਵਾਂ ਨੂੰ ਉਹਨਾਂ ਨੂੰ ਹਟਾਏ ਜਾਣ ਦੀ ਪ੍ਰਭਾਵੀ ਮਿਤੀ ਤੋਂ 60 ਦਿਨਾਂ ਬਾਅਦ ਤੱਕ ਟੈਕਸ-ਸਟੈਂਪ ਵਾਲੀਆਂ ਸਿਗਰਟਾਂ ਜਾਂ RYO ਤੰਬਾਕੂ ਰੱਖਣ, ਲਿਜਾਣ ਅਤੇ ਵੇਚਣ ਦੀ ਇਜਾਜ਼ਤ ਹੁੰਦੀ ਹੈ।

## ਕੀ ਮੈਂ, ਕਬਜ਼ੇ ਵਿੱਚ ਲਏ ਗਏ ਉਤਪਾਦ ਵਾਪਸ ਲੈ ਸਕਦਾ/ਦੀ ਹਾਂ?

ਤੁਹਾਡੇ ਕੋਲ ਇਹ ਅਧਿਕਾਰ ਹੈ ਕਿ ਤੁਸੀਂ ਕਬਜ਼ੇ ਵਿੱਚ ਲਏ ਗਏ ਆਪਣੇ ਉਤਪਾਦਾਂ ਨੂੰ ਵਾਪਸ ਕਰਨ ਦੀ ਮੰਗ ਕਰ ਸਕਦੇ ਹੋ। ਜੇਕਰ ਸਾਡੇ ਨੁਮਾਇੰਦੇ ਜਾਂਚ ਦੌਰਾਨ ਕੋਈ ਉਤਪਾਦ ਆਪਣੇ ਕਬਜ਼ੇ ਵਿੱਚ ਲੈਂਦੇ ਹਨ, ਤਾਂ ਅਸੀਂ ਤੁਹਾਨੂੰ ਕਬਜ਼ੇ ਵਿੱਚ ਲਏ ਗਏ ਉਤਪਾਦਾਂ ਦੀ ਸੂਚੀ ਅਤੇ ਇਸ ਕਬਜ਼ੇ ਨੂੰ ਚੁਣੌਤੀ ਦੇਣ ਦੇ ਤੁਹਾਡੇ ਅਧਿਕਾਰਾਂ ਬਾਰੇ ਇੱਕ ਨੋਟਿਸ ਡਾਕ ਰਾਹੀਂ ਭੇਜਾਂਗੇ। ਅਸੀਂ ਨੋਟਿਸ ਦੇ ਨਾਲ CDTFA-1238-IB2, *Verified Petition for Release or Recovery of Property* (ਮਾਲ ਨੂੰ ਛੁਡਵਾਉਣ ਜਾਂ ਵਾਪਸੀ ਲਈ ਪ੍ਰਮਾਣਿਤ ਪਟੀਸ਼ਨ) ਵੀ ਸ਼ਾਮਲ ਕਰਾਂਗੇ।

ਰਾਜ ਦੇ ਕਾਨੂੰਨ ਅਨੁਸਾਰ, ਕਬਜ਼ੇ ਵਿੱਚ ਲਏ ਗਏ ਉਤਪਾਦਾਂ ਨੂੰ ਸਿਰਫ਼ ਤਾਂ ਹੀ ਵਾਪਸ ਕੀਤਾ ਜਾ ਸਕਦਾ ਹੈ ਜੇਕਰ ਅਸੀਂ ਅਜਿਹੀਆਂ ਚੀਜ਼ਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਜਾਂ ਗਲਤੀ ਨਾਲ ਕਬਜ਼ੇ ਵਿੱਚ ਲਿਆ ਹੋਵੇ। ਜੇ ਤੁਸੀਂ ਕਬਜ਼ੇ ਵਿੱਚ ਲਏ ਗਏ ਆਪਣੇ ਉਤਪਾਦਾਂ ਦੀ ਵਾਪਸੀ ਦੀ ਮੰਗ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਨਿੱਜੀ ਸੇਵਾ ਦੀ ਮਿਤੀ ਜਾਂ CDTFA-1238-IB, *Notice of Seizure and Forfeiture* (ਕਬਜ਼ੇ ਵਿੱਚ ਲੈਣ ਅਤੇ ਜ਼ਬਤੀ ਦੇ ਨੋਟਿਸ) ਡਾਕ ਰਾਹੀਂ ਭੇਜੇ ਜਾਣ ਦੀ ਮਿਤੀ ਤੋਂ 20 ਦਿਨਾਂ ਦੇ ਅੰਦਰ ਪਟੀਸ਼ਨ ਦਾਇਰ ਕਰਨੀ ਪਵੇਗੀ। ਜੇ ਤੁਹਾਨੂੰ ਨਿੱਜੀ ਤੌਰ 'ਤੇ ਜਾਂ ਡਾਕ ਰਾਹੀਂ ਨੋਟਿਸ ਨਹੀਂ ਮਿਲਿਆ, ਤਾਂ ਤੁਹਾਨੂੰ ਸਾਡੀ ਵੈੱਬਸਾਈਟ *www.cdtfa.ca.gov/legal/seizurecigtoboprod.htm* 'ਤੇ *Notice of Seizure and Forfeiture* (ਕਬਜ਼ੇ ਵਿੱਚ ਲੈਣ ਅਤੇ ਜ਼ਬਤੀ ਦੇ ਨੋਟਿਸ) ਦੇ ਪ੍ਰਕਾਸ਼ਨ ਦੀ ਮਿਤੀ ਤੋਂ 20 ਦਿਨਾਂ ਦੇ ਅੰਦਰ ਪਟੀਸ਼ਨ ਦਾਇਰ ਕਰਨੀ ਪਵੇਗੀ। ਆਪਣੀ ਪਟੀਸ਼ਨ ਵਿੱਚ, ਤੁਹਾਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕਬਜ਼ੇ ਵਿੱਚ ਲੈਣਾ ਗੈਰ-ਕਾਨੂੰਨੀ ਕਿਉਂ ਸੀ ਜਾਂ ਇੱਕ ਗਲਤੀ ਕਿਉਂ ਸੀ। ਅਸੀਂ ਤੁਹਾਡੀ ਪਟੀਸ਼ਨ ਦਾ ਲਿਖਤੀ ਰੂਪ ਵਿੱਚ ਜਵਾਬ ਦੇਵਾਂਗੇ (ਰੈਵੇਨਿਊ ਅਤੇ ਟੈਕਸੇਸ਼ਨ ਕੋਡ section 30438) ਜੇ ਤੁਸੀਂ ਸਮੇਂ ਸਿਰ ਪ੍ਰਮਾਣਿਤ ਪਟੀਸ਼ਨ ਦਾਇਰ ਨਹੀਂ ਕਰਦੇ, ਤਾਂ ਤੁਸੀਂ ਬਿਨਾਂ ਕਿਸੇ ਹੋਰ ਨੋਟਿਸ ਜਾਂ ਸੁਣਵਾਈ ਦੇ ਆਪਣਾ ਮਾਲ ਕੈਲੀਫੋਰਨੀਆ ਰਾਜ ਨੂੰ ਜ਼ਬਤ ਕਰਵਾ ਲਓਗੇ।

## ਜੇਕਰ ਤੁਹਾਨੂੰ ਕੋਈ ਚਲਾਨ ਮਿਲਦਾ ਹੈ, ਤਾਂ ਕੀ ਹੋਵੇਗਾ?

ਜੇ ਤੁਹਾਨੂੰ ਇੱਕ ਸਿਵਲ ਚਲਾਨ ਮਿਲਦਾ ਹੈ, ਤਾਂ ਅਸੀਂ ਤੁਹਾਨੂੰ CDTFA-408, *Notice of Violation* (ਉਲੰਘਣਾ ਦਾ ਨੋਟਿਸ) ਡਾਕ ਰਾਹੀਂ ਭੇਜਾਂਗੇ। ਤੁਹਾਨੂੰ ਮਿਲਣ ਵਾਲੇ ਨੋਟਿਸ ਵਿੱਚ, ਤੁਹਾਨੂੰ ਕਿਹੜੀਆਂ ਖਾਸ ਉਲੰਘਣਾਵਾਂ ਲਈ ਚਲਾਨ ਕੀਤਾ ਗਿਆ ਸੀ, ਇਸ ਬਾਰੇ ਵਿਸਥਾਰ ਵਿੱਚ ਦੱਸਿਆ ਜਾਵੇਗਾ। ਇਸ ਵਿੱਚ ਕਿਸੇ ਵੀ ਸਿਵਲ ਜੁਰਮਾਨੇ ਜਾਂ ਨਤੀਜਿਆਂ, ਤੁਹਾਡੇ ਅਪੀਲ ਦੇ ਅਧਿਕਾਰਾਂ, ਅਤੇ ਹੋਰ ਸੰਬੰਧਿਤ ਜਾਣਕਾਰੀ ਬਾਰੇ ਵੀ ਦੱਸਿਆ ਜਾਵੇਗਾ।

ਜੇ ਤੁਹਾਨੂੰ ਅਪਰਾਧਿਕ ਚਲਾਨ ਜਾਰੀ ਕੀਤਾ ਜਾਂਦਾ ਹੈ, ਤਾਂ ਤੁਹਾਨੂੰ ਚਲਾਨ 'ਤੇ ਦਰਸਾਏ ਅਨੁਸਾਰ ਅਦਾਲਤ ਵਿੱਚ ਪੇਸ਼ ਹੋਣਾ ਲਾਜ਼ਮੀ ਹੋਵੇਗਾ। ਤੁਹਾਨੂੰ ਅਪਰਾਧਿਕ ਕਾਰਵਾਈਆਂ ਦੇ ਸੰਬੰਧ ਵਿੱਚ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਤੋਂ ਵੀ ਨੋਟਿਸ ਮਿਲ ਸਕਦਾ ਹੈ। ਜੇਕਰ ਤੁਸੀਂ ਅਦਾਲਤ ਵਿੱਚ ਪੇਸ਼ ਨਹੀਂ ਹੁੰਦੇ, ਤਾਂ ਤੁਹਾਡੇ ਵਿਰੁੱਧ ਬੈਂਚ ਵਾਰੰਟ ਜਾਰੀ ਕੀਤਾ ਜਾਵੇਗਾ। ਅਦਾਲਤਾਂ ਦੁਆਰਾ ਲਾਗੂ ਕੀਤੇ ਜਾ ਸਕਣ ਵਾਲੇ ਕਿਸੇ ਵੀ ਅਪਰਾਧਿਕ ਜੁਰਮਾਨਿਆਂ ਤੋਂ ਇਲਾਵਾ, ਅਸੀਂ ਤੁਹਾਡਾ ਸਿਗਰਟ ਅਤੇ ਤੰਬਾਕੂ ਉਤਪਾਦਾਂ ਦਾ ਲਾਇਸੈਂਸ ਮੁਅੱਤਲ ਜਾਂ ਰੱਦ ਕਰ ਸਕਦੇ ਹਾਂ ਅਤੇ ਸਿਵਲ ਜੁਰਮਾਨੇ ਲਗਾ ਸਕਦੇ ਹਾਂ। ਵਧੇਰੇ ਜਾਣਕਾਰੀ ਲਈ, ਇੱਥੇ ਵੇਖੋ publication 161, *Criminal Citations Include a Civil Administrative Process* (ਪ੍ਰਕਾਸ਼ਨ 161, ਅਪਰਾਧਿਕ ਚਲਾਨਾਂ ਵਿੱਚ ਇੱਕ ਸਿਵਲ ਪ੍ਰਸ਼ਾਸਕੀ ਪ੍ਰਕਿਰਿਆ ਸ਼ਾਮਲ ਹੁੰਦੀ ਹੈ) ਅਪਰਾਧਿਕ ਚਲਾਨ 'ਤੇ ਅਦਾਲਤ ਦੇ ਫੈਸਲੇ ਤੋਂ ਬਾਅਦ, ਅਸੀਂ ਤੁਹਾਨੂੰ CDTFA-408, *ਉਲੰਘਣਾ ਦਾ ਨੋਟਿਸ* ਡਾਕ ਰਾਹੀਂ ਭੇਜਾਂਗੇ। ਨੋਟਿਸ ਵਿੱਚ ਉਨ੍ਹਾਂ ਉਲੰਘਣਾਵਾਂ ਬਾਰੇ ਦੱਸਿਆ ਜਾਵੇਗਾ ਜਿਨ੍ਹਾਂ ਲਈ ਤੁਹਾਨੂੰ ਚਲਾਨ ਕੀਤਾ ਗਿਆ ਸੀ, ਕਿਸੇ ਵੀ ਸਿਵਲ ਜੁਰਮਾਨੇ ਜਾਂ ਨਤੀਜਿਆਂ, ਤੁਹਾਡੇ ਅਪੀਲ ਦੇ ਅਧਿਕਾਰਾਂ, ਅਤੇ ਹੋਰ ਸੰਬੰਧਿਤ ਜਾਣਕਾਰੀ ਬਾਰੇ ਵੀ ਦੱਸਿਆ ਜਾਵੇਗਾ।

## ਜੇ ਤੁਹਾਡਾ ਲਾਇਸੈਂਸ ਮੁਅੱਤਲ ਜਾਂ ਰੱਦ ਹੋ ਜਾਂਦਾ ਹੈ ਤਾਂ ਕੀ ਹੁੰਦਾ ਹੈ?

ਤੁਹਾਡਾ ਸਿਗਰਟ ਅਤੇ ਤੰਬਾਕੂ ਉਤਪਾਦਾਂ ਦਾ ਲਾਇਸੈਂਸ, ਲਾਇਸੈਂਸ ਮੁਅੱਤਲੀ ਦੀ ਮਿਆਦ ਦੌਰਾਨ ਜਾਂ ਤੁਹਾਡਾ ਲਾਇਸੈਂਸ ਰੱਦ ਹੋਣ ਤੋਂ ਬਾਅਦ ਵੈਧ ਨਹੀਂ ਹੋਵੇਗਾ। ਇਸ ਮਿਆਦ ਦੌਰਾਨ ਜਾਂ ਰੱਦ ਹੋਣ ਤੋਂ ਬਾਅਦ ਤੁਹਾਨੂੰ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਪ੍ਰਦਰਸ਼ਿਤ ਕਰਨ, ਵੇਚਣ, ਜਾਂ ਤੋਹਫ਼ੇ ਵਜੋਂ ਦੇਣ ਦੀ ਮਨਾਹੀ ਹੈ। ਮੁਅੱਤਲ ਜਾਂ ਰੱਦ ਹੋਣ ਦੀ ਪ੍ਰਭਾਵੀ ਤਾਰੀਖ਼ ਦੇ ਬਾਅਦ ਵੀ ਵਿਕਰੀਆਂ ਕਰਨਾ ਜਾਂ ਤੋਹਫ਼ੇ ਵਜੋਂ ਵੰਡਣਾ ਜਾਰੀ ਰੱਖਣਾ ਇੱਕ ਬਦਤਮੀਜ਼ੀ ਹੈ ਅਤੇ ਇਸਦਾ ਸਿੱਟਾ ਇਹ ਹੋਵੇਗਾ ਕਿ ਤੁਹਾਡੇ ਕਬਜ਼ੇ ਵਿਚਲੀਆਂ ਸਾਰੀਆਂ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਨੂੰ ਪਕੜਕੇ ਜ਼ਬਤ ਕਰ ਲਿਆ ਜਾਵੇਗਾ।

ਤੁਹਾਨੂੰ CDTFA-459, *Notice of Suspension* (ਮੁਅੱਤਲੀ ਦਾ ਨੋਟਿਸ) ਜਾਂ CDTFA-458, *Notice of Revocation* (ਰੱਦ ਕਰਨ ਦਾ ਨੋਟਿਸ) ਸਾਈਨੇਜ ਡਾਕ ਰਾਹੀਂ ਭੇਜਿਆ ਜਾਵੇਗਾ। ਤੁਹਾਡੇ ਮੁਅੱਤਲ ਜਾਂ ਰੱਦ ਕੀਤੇ ਗਏ ਸਥਾਨ 'ਤੇ, ਤੁਹਾਨੂੰ ਇਹ ਸਾਈਨ ਹਰੇਕ ਜਨਤਕ ਪ੍ਰਵੇਸ਼ ਦੁਆਰ, ਹਰੇਕ ਕੈਸ਼ ਰਜਿਸਟਰ, ਅਤੇ ਵਿਕਰੀ ਦੇ ਕਿਸੇ ਵੀ ਹੋਰ ਸਥਾਨਾਂ 'ਤੇ ਜ਼ਰੂਰ ਲਗਾਉਣਾ ਚਾਹੀਦਾ ਹੈ।

ਤੁਹਾਨੂੰ ਹਰੇਕ ਅਪਰਾਧ ਲਈ $1,000 ਦਾ ਸਿਵਲ ਜੁਰਮਾਨਾ ਲਗਾਇਆ ਜਾਵੇਗਾ ਜੇਕਰ ਤੁਸੀਂ:

- ਜੇਕਰ ਤੁਸੀਂ ਲੋੜ ਅਨੁਸਾਰ *Notice of Suspension* (ਮੁਅੱਤਲੀ ਦਾ ਨੋਟਿਸ) ਜਾਂ *Notice of Revocation* (ਰੱਦ ਕਰਨ ਦਾ ਨੋਟਿਸ) ਸਾਈਨ ਨੂੰ ਦੱਸੇ ਗਏ ਸਥਾਨ 'ਤੇ ਨਹੀਂ ਲਗਾਉਂਦੇ।
- ਲਾਇਸੈਂਸ ਮੁਅੱਤਲੀ ਜਾਂ ਰੱਦ ਕਰਨ ਵਾਲੇ ਸਾਈਨ ਵਿੱਚ ਕੋਈ ਬਦਲਾਅ ਕਰਦੇ ਹੋ।
- ਤੁਹਾਨੂੰ ਲੋੜੀਂਦੀ ਪੋਸਟਿੰਗ ਅਵਧੀ ਦੌਰਾਨ ਮੁਅੱਤਲੀ ਜਾਂ ਰੱਦ ਕਰਨ ਵਾਲੇ ਸਾਈਨ ਨੂੰ ਹਟਾਉਂਦੇ ਹੋ।
- ਮੁਅੱਤਲੀ ਦੀ ਮਿਆਦ ਦੌਰਾਨ ਜਾਂ ਰੱਦ ਹੋਣ ਤੋਂ ਬਾਅਦ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਵਿਕਰੀ ਲਈ ਪ੍ਰਦਰਸ਼ਿਤ ਕਰਨਾ ਜਾਰੀ ਰੱਖਦੇ ਹੋ।

## ਕੀ ਇਸ ਜਾਂਚ ਨਾਲ ਸੰਬੰਧਿਤ ਮੇਰੇ ਕੋਈ ਅਧਿਕਾਰ ਹਨ?

ਹਾਂ, ਕੈਲੀਫੋਰਨੀਆ ਦੇ ਇੱਕ ਟੈਕਸਦਾਤਾ ਵਜੋਂ ਤੁਹਾਡੇ ਵਿਸ਼ੇਸ਼ ਕਨੂੰਨੀ ਅਧਿਕਾਰ ਹਨ। ਸਾਡੇ ਨੁਮਾਇੰਦਿਆਂ ਨੂੰ ਉਹਨਾਂ ਅਧਿਕਾਰਾਂ ਦਾ ਸਨਮਾਨ ਕਰਨਾ ਅਤੇ ਉਹਨਾਂ ਦੀ ਰੱਖਿਆ ਕਰਨੀ ਚਾਹੀਦੀ ਹੈ। ਜਿਵੇਂ ਕਿ publication 70, *Understanding Your Rights as a California Taxpayer* (ਪ੍ਰਕਾਸ਼ਨ 70, ਕੈਲੀਫੋਰਨੀਆ ਦੇ ਟੈਕਸਦਾਤਾ ਵਜੋਂ ਤੁਹਾਡੇ ਅਧਿਕਾਰਾਂ ਨੂੰ ਸਮਝਣਾ) ਵਿੱਚ ਦੱਸਿਆ ਗਿਆ ਹੈ, ਤੁਹਾਡੇ ਕੋਲ ਇਹ ਅਧਿਕਾਰ ਹਨ:

- ਸ਼ਿਸ਼ਟ ਅਤੇ ਝਟਪਟ ਸੇਵਾ,
- ਵਾਜਬ ਵਿਵਹਾਰ,
- ਗੁਪਤਤਾ,
- ਜਾਣਕਾਰੀ ਅਤੇ ਸਹਾਇਤਾ, ਅਤੇ
- ਕਿਸੇ ਮੁਲਾਂਕਣ ਖਿਲਾਫ ਅਪੀਲ ਕਰਨਾ।

## ਕੀ ਮੈਂ ਜਾਂਚ ਜਾਂ ਨੁਮਾਇੰਦੇ ਦੇ ਵਿਵਹਾਰ ਬਾਰੇ ਸ਼ਿਕਾਇਤ ਦਰਜ ਕਰ ਸਕਦਾ ਹਾਂ?

ਹਾਂ। ਜੇਕਰ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਕਿਸੇ ਨੁਮਾਇੰਦੇ ਨੇ ਗੈਰ-ਪੇਸ਼ੇਵਰ ਵਿਵਹਾਰ ਕੀਤਾ ਜਾਂ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਕੀਤੀ, ਤਾਂ ਤੁਸੀਂ ਜਾਂਚ ਵਿਭਾਗ ਵਿੱਚ ਇਸ ਤਰ੍ਹਾਂ ਸ਼ਿਕਾਇਤ ਦਰਜ ਕਰ ਸਕਦੇ ਹੋ:

- 1-916-324-0105 'ਤੇ ਕਾਲ ਕਰਕੇ ਅਤੇ ਵਿਕਲਪ 3 ਚੁਣ ਕੇ।
- ਇੱਥੇ ਰਿਪੋਰਟ ਦਰਜ ਕਰਕੇ *www.cdtfa.ca.gov/report-violation.htm*
- ਇੱਥੇ ਲਿਖਤੀ ਰੂਪ ਵਿੱਚ:
  California Department of Tax and Fee Administration
  (ਕੈਲੀਫ਼ੋਰਨੀਆ ਟੈਕਸ ਅਤੇ ਫੀਸ ਪ੍ਰਸ਼ਾਸਨ ਵਿਭਾਗ, CDTFA) ਜਾਂਚ ਵਿਭਾਗ,
  MIC:42
  PO Box 942879
  Sacramento, CA 94279-0042

ਆਪਣੀਆਂ ਚਿੰਤਾਵਾਂ ਨੂੰ ਪੂਰੀ ਤਰ੍ਹਾਂ ਵਿਸਥਾਰ ਵਿੱਚ ਦੱਸਣਾ ਯਕੀਨੀ ਬਣਾਓ। ਇੱਕ ਜਾਂਚ ਵਿਭਾਗ ਦਾ ਨਿਰੀਖਕ ਜਾਂ ਪ੍ਰਬੰਧਕ ਤੁਹਾਡੀ ਸ਼ਿਕਾਇਤ 'ਤੇ ਕਾਰਵਾਈ ਕਰੇਗਾ ਅਤੇ ਤੁਹਾਡੇ ਨਾਲ ਸੰਪਰਕ ਕਰੇਗਾ। ਜੇ ਤੁਸੀਂ ਨਿਰੀਖਕ ਜਾਂ ਪ੍ਰਬੰਧਕ ਨਾਲ ਮਸਲੇ ਨੂੰ ਹੱਲ ਕਰਨ ਵਿੱਚ ਅਸਮਰੱਥ ਹੋ ਜਾਂ ਆਪਣੀ ਸ਼ਿਕਾਇਤ 'ਤੇ ਜਾਂਚ ਵਿਭਾਗ ਤੋਂ ਬਾਹਰ ਕਿਸੇ ਹੋਰ ਤੋਂ ਕਾਰਵਾਈ ਕਰਵਾਉਣਾ ਚਾਹੁੰਦੇ ਹੋ, ਤਾਂ ਤੁਸੀਂ ਸਾਡੇ ਟੈਕਸਦਾਤਾ ਅਧਿਕਾਰਾਂ ਦੇ ਵਕੀਲ ਦੇ ਦਫ਼ਤਰ (ਟੈਕਸਪੇਅਰਜ਼' ਰਾਈਟਸ ਐਡਵੋਕੇਟ ਆਫਿਸ) ਨਾਲ ਸੰਪਰਕ ਕਰ ਸਕਦੇ ਹੋ।

## ਟੈਕਸਪੇਅਰਜ਼' ਰਾਈਟਸ ਐਡਵੋਕੇਟ ਆਫਿਸ

ਜੇਕਰ ਤੁਸੀਂ ਟੈਕਸਦਾਤਾ ਵਜੋਂ ਆਪਣੇ ਅਧਿਕਾਰਾਂ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਜਾਂ ਜੇਕਰ ਤੁਸੀਂ ਆਮ ਚੈਨਲਾਂ (ਉਦਾਹਰਨ ਲਈ, ਨਿਰੀਖਕ ਨਾਲ ਗੱਲ ਕਰਕੇ) ਰਾਹੀਂ ਕਿਸੇ ਸਮੱਸਿਆ ਨੂੰ ਹੱਲ ਨਹੀਂ ਕਰ ਸਕੇ ਹੋ, ਤਾਂ ਕਿਰਪਾ ਕਰਕੇ publication 70 (ਪ੍ਰਕਾਸ਼ਨ 70) ਦੇਖੋ ਜਾਂ ਟੈਕਸਦਾਤਾ ਅਧਿਕਾਰਾਂ ਦੇ ਵਕੀਲ ਦੇ ਦਫ਼ਤਰ,
*www.cdtfa.ca.gov/tra/* ਵਿਖੇ ਇਸ ਤਰ੍ਹਾਂ ਸੰਪਰਕ ਕਰੋ:

- 1-888-324-2798 'ਤੇ ਫੋਨ ਰਾਹੀਂ
- ਈਮੇਲ ਰਾਹੀਂ: *taxpayer.rights@cdtfa.ca.gov*
- ਲਿਖਤੀ ਰੂਪ ਵਿੱਚ: California Department of Tax and Fee Administration
  California Department of Tax and Fee Administration
  Taxpayers' Rights Advocate Office, MIC:70
  PO Box 942879
  Sacramento, CA 94279-0070

## ਵਧੇਰੀ ਜਾਣਕਾਰੀ ਲਈ

ਜੇਕਰ ਤੁਹਾਨੂੰ ਜਾਂਚ ਬਾਰੇ ਕੋਈ ਸਵਾਲ ਹਨ, ਤਾਂ ਤੁਸੀਂ ਸਾਡੇ ਜਾਂਚ ਵਿਭਾਗ ਨਾਲ 1-916-324-0105 'ਤੇ ਸੰਪਰਕ ਕਰ ਸਕਦੇ ਹੋ ਅਤੇ ਵਿਕਲਪ 3 ਚੁਣ ਸਕਦੇ ਹੋ।

ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਰਜਿਸਟ੍ਰੇਸ਼ਨ, ਲਾਇਸੈਂਸਿੰਗ, ਟੈਕਸ, ਅਤੇ ਵਪਾਰਕ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ *Tax Guide for Cigarettes and Tobacco Products* (ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਟੈਕਸ ਗਾਈਡ) *www.cdtfa.ca.gov/taxes-and-fees/cigarette-and-tobacco-products/* 'ਤੇ ਅਤੇ ਸਾਡੀ *Tax Guide for California Electronic Cigarette Excise Tax* (ਕੈਲੀਫੋਰਨੀਆ ਇਲੈਕਟ੍ਰਾਨਿਕ ਸਿਗਰਟ ਐਕਸਾਈਜ਼ ਟੈਕਸ ਲਈ ਟੈਕਸ ਗਾਈਡ) *www.cdtfa.ca.gov/taxes-and-fees/california-electronic-cigarette-excise-tax/* 'ਤੇ ਪੜ੍ਹੋ।

ਰਜਿਸਟ੍ਰੇਸ਼ਨ ਜਾਂ ਆਮ ਸਵਾਲਾਂ ਲਈ, ਕਿਰਪਾ ਕਰਕੇ ਸਾਡੇ ਗਾਹਕ ਸੇਵਾ ਕੇਂਦਰ ਨੂੰ 1-800-400-7115 (TTY:711) 'ਤੇ ਕਾਲ ਕਰੋ ਅਤੇ *Special Taxes and Fees* (ਖਾਸ ਟੈਕਸਾਂ ਅਤੇ ਫੀਸਾਂ) ਲਈ ਵਿਕਲਪ ਚੁਣੋ। ਗਾਹਕ ਸੇਵਾ ਪ੍ਰਤੀਨਿਧੀ ਰਾਜ ਦੀਆਂ ਛੁੱਟੀਆਂ ਨੂੰ ਛੱਡ ਕੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 7:30 ਵਜੇ ਤੋਂ ਸ਼ਾਮ 5:00 ਵਜੇ (ਪ੍ਰਸ਼ਾਂਤ ਸਮਾਂ) ਤੱਕ ਉਪਲਬਧ ਹੁੰਦੇ ਹਨ।

## ਕਲਾਸਾਂ, ਔਨਲਾਈਨ ਸੈਮੀਨਾਰ, ਸਿੱਖਿਆ ਸਮਾਗਮ

ਅਸੀਂ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਬਾਰੇ ਮੁਫ਼ਤ ਕਲਾਸਾਂ, ਔਨਲਾਈਨ ਸੈਮੀਨਾਰ, ਅਤੇ ਵਿਦਿਅਕ ਸਮਾਗਮ ਵੀ ਪੇਸ਼ ਕਰਦੇ ਹਾਂ। ਇਹ ਵਿਦਿਅਕ ਸਰੋਤ ਲਾਇਸੈਂਸ ਦੀਆਂ ਜ਼ਰੂਰਤਾਂ, ਹਾਲੀਆ ਕਾਨੂੰਨੀ ਤਬਦੀਲੀਆਂ, ਜਾਂਚ ਪ੍ਰਕਿਰਿਆ, ਰਿਕਾਰਡਾਂ ਦੀ ਸਾਂਭ-ਸੰਭਾਲ, ਜੁਰਮਾਨਿਆਂ ਨੂੰ ਲਾਗੂ ਕਰਨ, ਅਤੇ ਹੋਰ ਬਹੁਤ ਕੁਝ ਨੂੰ ਕਵਰ ਕਰਦੇ ਹਨ। ਆਉਣ ਵਾਲੇ ਸਮਾਗਮਾਂ ਨੂੰ ਦੇਖਣ ਲਈ, ਸਾਡੇ *Tax Education Events* (ਟੈਕਸ ਸਿੱਖਿਆ ਸਮਾਗਮਾਂ) ਦੇ ਵੈੱਬਪੇਜ *www.cdtfa.ca.gov/seminar/#cig* 'ਤੇ ਵੇਖੋ ਜਾਂ ਰਜਿਸਟਰ ਕਰਨ ਜਾਂ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਸਾਨੂੰ 1-916-324-0105 'ਤੇ ਕਾਲ ਕਰੋ ਅਤੇ ਵਿਕਲਪ 3 ਚੁਣੋ।

## ਪ੍ਰਕਾਸ਼ਨ

ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਨਾਲ ਸੰਬੰਧਿਤ ਹੇਠ ਲਿਖੇ ਪ੍ਰਕਾਸ਼ਨ *www.cdtfa.ca.gov/formspubs/all-forms-and-publications.htm* 'ਤੇ ਉਪਲਬਧ ਹਨ। ਇਹਨਾਂ ਵਿੱਚੋਂ ਕੁਝ ਪ੍ਰਕਾਸ਼ਨ ਕਈ ਭਾਸ਼ਾਵਾਂ ਵਿੱਚ ਵੀ ਉਪਲਬਧ ਹਨ। ਤੁਸੀਂ ਉੱਪਰ ਦੱਸੇ ਨੰਬਰ 'ਤੇ ਸਾਡੇ ਗਾਹਕ ਸੇਵਾ ਕੇਂਦਰ ਨੂੰ ਕਾਲ ਕਰਕੇ ਕੋਈ ਵੀ ਪ੍ਰਕਾਸ਼ਨ ਪ੍ਰਾਪਤ ਕਰ ਸਕਦੇ ਹੋ।

63 *Cigarette Distributor Licensing and Tax Stamp Guide (ਸਿਗਰਟ ਵਿਤਰਕ ਲਾਇਸੈਂਸਿੰਗ ਅਤੇ ਟੈਕਸ ਸਟੈਂਪ ਗਾਈਡ)*
70 *Understanding Your Rights as a California Taxpayer (ਇੱਕ ਕੈਲੀਫੋਰਨੀਆ ਟੈਕਸਦਾਤਾ ਵਜੋਂ ਆਪਣੇ ਅਧਿਕਾਰਾਂ ਨੂੰ ਸਮਝਣਾ)*
78 *Sales of Cigarettes and Tobacco Products in California (ਕੈਲੀਫੋਰਨੀਆ ਵਿੱਚ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੀ ਵਿਕਰੀ) – ਪ੍ਰਚੂਨ ਵਿਕਰੇਤਾਵਾਂ ਲਈ ਲਾਇਸੰਸ ਸਬੰਧੀ ਲੋੜਾਂ*
93 *Cigarette and Tobacco Products Taxes (ਸਿਗਰਟ ਅਤੇ ਤੰਬਾਕੂ ਉਤਪਾਦਾਂ ਉੱਤੇ ਟੈਕਸ)*
152 *Cigarette and Tobacco Product Inspections (ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀਆਂ ਜਾਂਚਾਂ)*
161 *Criminal Citations Include a Civil Administrative Process (ਅਪਰਾਧਿਕ ਚਲਾਨਾਂ ਵਿੱਚ ਇੱਕ ਸਿਵਲ ਪ੍ਰਸ਼ਾਸਕੀ ਪ੍ਰਕਿਰਿਆ ਸ਼ਾਮਲ ਹੁੰਦੀ ਹੈ)*
403 *California's Counterfeit-Resistant Cigarette Tax Stamp (ਕੈਲੀਫੋਰਨੀਆ ਦਾ ਨਕਲ-ਰੋਕੂ ਸਿਗਰਟ ਟੈਕਸ ਸਟੈਂਪ)*
407 *Master Settlement Agreement (ਪ੍ਰਮੁੱਖ ਨਿਪਟਾਰਾ ਇਕਰਾਰਨਾਮਾ)*
429 *Flavored Cigarettes Banned in the United States (ਫਲੇਵਰ ਵਾਲੀਆਂ ਸਿਗਰਟਾਂ ਜੋ ਸੰਯੁਕਤ ਰਾਜ ਵਿੱਚ ਬੈਨ ਹਨ)*
473 *Things Retailers Should Know Before Buying Cigarettes and Tobacco Products (ਪ੍ਰਚੂਨ ਵਿਕਰੇਤਾਵਾਂ ਨੂੰ ਸਿਗਰਟ ਅਤੇ ਤੰਬਾਕੂ ਉਤਪਾਦ ਖਰੀਦਣ ਤੋਂ ਪਹਿਲਾਂ ਕੀ ਪਤਾ ਹੋਣਾ ਚਾਹੀਦਾ ਹੈ)*

## ਸਰੋਤ

- *ਤੁਹਾਡੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਜਾਂਚ ਬਾਰੇ ਜਾਣਕਾਰੀ ਲਈ ਵੀਡੀਓ ਇੱਥੇ ਵੇਖੋ www.youtube.com/watch?v=2k6Dgtdxo8Q*
- *ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਲਈ ਟੈਕਸ ਗਾਈਡ ਇੱਥੇ ਵੇਖੋ www.cdtfa.ca.gov/taxes-and-fees/cigarette-and-tobacco-products/*
- *ਕੈਲੀਫੋਰਨੀਆ ਇਲੈਕਟ੍ਰਾਨਿਕ ਸਿਗਰਟ ਐਕਸਾਈਜ਼ ਟੈਕਸ ਲਈ ਟੈਕਸ ਗਾਈਡ ਇੱਥੇ ਵੇਖੋ www.cdtfa.ca.gov/taxes-and-fees/california-electronic-cigarette-excise-tax/*
- *ਟੈਕਸ ਸਿੱਖਿਆ ਸਮਾਗਮ ਇੱਥੇ ਵੇਖੋ www.cdtfa.ca.gov/seminar/#cig*
- *ਅਟਾਰਨੀ ਜਨਰਲ ਦੇ ਦਫ਼ਤਰ ਦੀ ਕੈਲੀਫੋਰਨੀਆ ਤੰਬਾਕੂ ਡਾਇਰੈਕਟਰੀ ਇੱਥੇ ਵੇਖੋ www.oag.ca.gov/tobacco/directory*

## ਕਾਨੂੰਨ ਦੀ ਉਲੰਘਣਾ ਕਰਨਾ ਸਾਨੂੰ ਸਾਰਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਸ਼ੱਕੀ ਉਲੰਘਣਾਵਾਂ ਦੀ ਰਿਪੋਰਟ ਕਰਨ ਲਈ, 1-888-334-3300 'ਤੇ ਕਾਲ ਕਰੋ ਜਾਂ ਸਾਡੀ ਵੈੱਬਸਾਈਟ *www.cdtfa.ca.gov/report-violation.htm* 'ਤੇ ਵੇਖੋ।

ਜਦੋਂ ਤੁਸੀਂ ਸਾਨੂੰ ਕਿਸੇ ਸ਼ੱਕੀ ਉਲੰਘਣਾ ਦੀ ਰਿਪੋਰਟ ਕਰਦੇ ਹੋ, ਤਾਂ ਕਿਰਪਾ ਕਰਕੇ ਸ਼ੱਕੀ ਵਿਅਕਤੀ ਅਤੇ ਕਾਰੋਬਾਰ ਦਾ ਨਾਮ, ਸਥਾਨ ਦਾ ਪਤਾ, ਉਲੰਘਣਾ ਦਾ ਵੇਰਵਾ, ਉਹ ਸਮਾਂ ਜਦੋਂ ਉਲੰਘਣਾ ਹੋਈ, ਅਤੇ ਕੀ ਤੁਹਾਡੇ ਕੋਲ ਦੋਸ਼ ਦੀ ਪੁਸ਼ਟੀ ਲਈ ਕੋਈ ਸਬੂਤ ਹੈ, ਇਹ ਸਭ ਜਾਣਕਾਰੀ ਪ੍ਰਦਾਨ ਕਰੋ।

ਪ੍ਰਕਾਸ਼ਨ 152
ਅਪ੍ਰੈਲ 2026